# UoM ਪਰਦੇਦਾਰੀ ਸੂਚਨਾ

MANCHESTER 1824
The University of Manchester

## ਖੋਜ ਭਾਗੀਦਾਰਾਂ ਲਈ ਪਰਦੇਦਾਰੀ ਸੂਚਨਾ

# UoM ਵਿਖੇ ਖੋਜ

ਮੈਨਚੈਸਟਰ ਯੂਨੀਵਰਸਿਟੀ (University of Manchester) (ਅਸੀਂ) ਖੋਜ ਕਰਨ ਦੀ ਸਾਫ-ਨੀਅਤ ਦੇ ਉੱਚਤਮ ਮਿਆਰਾਂ ਮੁਤਾਬਕ ਖੋਜ ਕਰਦੀ (ਕਰਦੇ) ਹੈ (ਹਾਂ), ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਖੋਜ ਉੱਚ ਸਿੱਖਿਆ ਨੂੰ ਹੱਲਾਸ਼ੇਰੀ ਦਿੰਦੀ ਹੈ ਅਤੇ ਲਾਭਦਾਇਕ ਹੈ। ਸਾਡੀ ਯੂਨੀਵਰਸਿਟੀ ਦੇ ਚਾਰਟਰ ਵਿੱਚ ਦੱਸੇ ਮੁਤਾਬਕ ਸਾਡੀ ਖੋਜ ਦੇ ਨਤੀਜੇ ਲੋਕਾਂ ਦੇ ਹਿੱਤ ਵਿੱਚ ਹੁੰਦੇ ਹਨ। ਖੋਜ ਕਰਨ ਦੀ ਸਾਫ-ਨੀਅਤ ਦੀ ਸਾਡੀ ਵਚਨਬੱਧਤਾ ਦੇ ਹਿੱਸੇ ਦੇ ਤੌਰ 'ਤੇ, ਅਸੀਂ ਆਮ ਡੇਟਾ ਸੁਰੱਖਿਆ ਕਾਇਦੇ (General Data Protection Regulation (GDPR)), ਯੂਕੇ ਡੇਟਾ ਸੁਰੱਖਿਆ ਐਕਟ 2018 (UK Data Protection Act 2018 (DPA)) ਅਤੇ ਸਿਹਤ ਅਤੇ ਦੇਖਭਾਲ ਦੇ ਮਾਮਲੇ ਵਿੱਚ ਸਿਹਤ ਅਤੇ ਸਮਾਜਕ ਦੇਖਭਾਲ ਖੋਜ ਲਈ ਯੂਕੇ ਨੀਤੀ ਫ੍ਰੇਮਵਰਕ (UK Policy Framework for Health and Social Care Research) ਦੀ ਪਾਲਣਾ ਕਰਦੇ ਹਾਂ।

ਅਸੀਂ ਤੁਹਾਡੇ ਵੱਲੋਂ ਸਾਨੂੰ ਉਪਲਬਧ ਕਰਾਈ ਜਾਂਦੀ, ਦੂਜਿਆਂ ਸੰਸਥਾਵਾਂ ਤੋਂ ਸਾਨੂੰ ਮਿਲਣ ਵਾਲੀ ਅਤੇ ਸਾਡੇ ਵੱਲੋਂ ਦੂਜਿਆਂ ਸਹਿਯੋਗੀ ਸੰਸਥਾਵਾਂ (ਜਿਵੇਂ ਕਿ ਹੋਰ ਯੂਨੀਵਰਸਿਟੀਆਂ ਜਾਂ ਸਾਡੀ ਖੋਜ ਲਈ ਪੈਸਿਆਂ ਦਾ ਪ੍ਰਬੰਧ ਕਰਨ ਵਾਲੀਆਂ ਸੰਸਥਾਵਾਂ) ਨਾਲ ਸਾਂਝੀ ਕੀਤੀ ਜਾਂਦੀ ਨਿੱਜੀ ਜਾਣਕਾਰੀ ਦੀ ਗੁਪਤਤਾ ਅਤੇ ਸੰਵੇਦਨਸ਼ੀਲਤਾ ਦਾ ਸਨਮਾਨ ਕਰਨ ਦਾ ਵਾਅਦਾ ਕਰਦੇ ਹਾਂ। ਅਸੀਂ ਤੁਹਾਨੂੰ ਦੱਸ ਦੇਵਾਂਗੇ ਕਿ ਅਸੀਂ ਤੁਹਾਡੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਾਂਗੇ, ਅਸੀਂ ਇਸ ਨੂੰ ਕਿਸ ਤਰ੍ਹਾਂ ਸੁਰੱਖਿਅਤ ਰੱਖਾਂਗੇ ਅਤੇ ਇਸ ਨੂੰ ਕਿਸ ਨਾਲ ਸਾਂਝਾ ਕੀਤਾ ਜਾਵੇਗਾ। ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਸੁਰੱਖਿਅਤ ਬਣਾਈ ਰੱਖਣ ਲਈ ਵਚਨਬੱਧ ਹਾਂ ਅਤੇ ਅਸੀਂ ਕਿਸੇ ਵੀ ਹੋਰ ਮੰਤਵ ਲਈ ਤੁਹਾਡੇ ਨਾਲ ਸੰਪਰਕ ਕਰਨ ਵਾਸਤੇ ਇਸ ਦੀ ਵਰਤੋਂ ਨਹੀਂ ਕਰਾਂਗੇ, ਜਦੋਂ ਤੱਕ ਕਿ ਤੁਸੀਂ ਇਸ ਲਈ ਸਹਿਮਤੀ ਨਾ ਜਤਾਈ ਹੋਵੇ।

GDPR ਹੇਠ ਖੋਜ ਦਾ ਇੱਕ ਖ਼ਾਸ ਦਰਜਾ ਹੁੰਦਾ ਹੈ ਸਾਡੇ ਕਰਮਚਾਰੀਆਂ ਅਤੇ ਪੋਸਟਗ੍ਰੈਜੂਏਟ ਖੋਜ ਵਿਦਿਆਰਥੀਆਂ (ਫਿਲਾਸਫੀ ਵਿੱਚ ਮਾਸਟਰ ਜਾਂ PhD ਕਰਨ ਵਾਲੇ ਵਿਦਿਆਰਥੀ) ਵੱਲੋਂ ਕੀਤੀ ਜਾਂਦੀ ਖੋਜ ਨੂੰ ਗਿਆਨ ਵਿੱਚ ਅਸਲ ਯੋਗਦਾਨ ਦੇ ਰੂਪ ਵਿੱਚ ਪਰਿਭਾਸਤ ਕੀਤਾ ਗਿਆ ਹੈ, ਜਿਸਨੂੰ ਗਿਆਨ ਸਾਂਝਾ ਕਰਨ ਲਈ ਪ੍ਰਕਾਸ਼ਿਤ ਕੀਤਾ ਜਾਂਦਾ ਹੈ।

ਖੋਜ ਪ੍ਰੋਜੈਕਟ ਅੰਡਰਗ੍ਰੈਜੂਏਟ ਅਤੇ ਸਿਖਾਏ ਗਏ ਪੋਸਟਗ੍ਰੈਜੂਏਟ (ਕਲਾ/ਵਿਗਿਆਨ ਆਦਿ ਵਿੱਚ ਮਾਸਟਰ) ਵਿਦਿਆਰਥੀਆਂ ਵੱਲੋਂ ਆਪਣੇ ਅਧਿਐਨ ਪ੍ਰੋਗਰਾਮ ਦੀਆਂ ਸ਼ਰਤਾਂ ਨੂੰ ਪੂਰਾ ਕਰਨ ਲਈ ਵੀ ਕੀਤੇ ਜਾ ਸਕਦੇ ਹਨ। ਇਹ ਠੀਕ ਹੈ ਕਿ ਇਹ ਪ੍ਰੋਜੈਕਟ ਗਿਆਨ ਵਿੱਚ ਕੋਈ ਅਸਲ ਯੋਗਦਾਨ ਪਾਉਣ ਲਈ ਨਹੀਂ ਹੁੰਦੇ ਹਨ, ਨਾ ਹੀ ਆਮ ਤੌਰ 'ਤੇ ਪ੍ਰਕਾਸ਼ਿਤ ਕੀਤੇ ਜਾਂਦੇ ਹਨ, ਪਰ ਵਿਦਿਆਰਥੀ ਦੀ ਸਿੱਖਿਆ ਲਈ ਜਰੂਰੀ ਹੁੰਦੇ ਹਨ ਅਤੇ ਇਸੇ ਲਈ ਖੋਜ ਦੀ ਸਾਡੀ ਪਰਿਭਾਸ਼ਾ ਹੇਠ ਸ਼ਾਮਲ ਹਨ।

**ਆਮ ਤੌਰ 'ਤੇ ਅਸੀਂ ਖੋਜ ਅਧਿਐਨਾਂ ਦੇ ਡੇਟਾ ਨਿਯੰਤਰਕ ਹੁੰਦੇ ਹਾਂ। ਇਸ ਦਾ ਮਤਲਬ ਹੈ ਕਿ** ਅਸੀਂ ਫੈਸਲਾ ਕਰਾਂਗੇ ਕਿ ਤੁਹਾਡੀ ਨਿੱਜੀ ਜਾਣਕਾਰੀ ਕਿਵੇਂ ਤਿਆਰ, ਇਕੱਤਰ, ਵਰਤੀ, ਸਾਂਝੀ, ਪੁਰਾਲੇਖਬੱਧ ਅਤੇ ਮਿਟਾਈ (ਕਾਰਵਾਈ ਕੀਤੀ) ਜਾਵੇਗੀ। ਸਾਡੇ ਵੱਲੋਂ ਅਜਿਹਾ ਕਰਨ 'ਤੇ ਅਸੀਂ ਯਕੀਨੀ ਬਣਾਉਂਦੇ ਹਾਂ ਕਿ ਸਿਰਫ ਪ੍ਰੋਜੈਕਟ ਲਈ ਜਰੂਰੀ ਜਾਣਕਾਰੀ ਹੀ ਇਕੱਤਰ ਕੀਤੀ ਜਾਵੇ ਅਤੇ ਤੁਸੀਂ ਇਸ ਲਈ ਸਹਿਮਤੀ ਦਿੱਤੀ ਹੋਵੇ। ਜੇ ਕੋਈ ਹੋਰ ਸੰਸਥਾ ਤੁਹਾਡੀ ਨਿੱਜੀ ਜਾਣਕਾਰੀ ਬਾਰੇ ਫੈਸਲਾ ਕਰੇਗੀ, ਤਾਂ ਇਸ ਬਾਰੇ ਤੁਹਾਨੂੰ ਉਪਲਬਧ ਕਰਾਈ ਗਈ ਭਾਗੀਦਾਰ ਜਾਣਕਾਰੀ ਸ਼ੀਟ ਵਿੱਚ ਸਪਸ਼ਟ ਜਾਣਕਾਰੀ ਦਿੱਤੀ ਗਈ ਹੋਵੇਗੀ।

ਜੇ ਕਿਸੇ ਪ੍ਰੋਜੈਕਟ 'ਤੇ ਇੱਕ ਤੋਂ ਵੱਧ ਸੰਸਥਾਵਾਂ ਇਕੱਠੇ ਕੰਮ ਕਰਦੀਆਂ ਹਨ, ਤਾਂ ਕਿਸੇ ਖ਼ਾਸ ਪ੍ਰੋਜੈਕਟ ਲਈ ਦੋ ਜਾਂ ਇਸ ਤੋਂ ਵੱਧ ਡੇਟਾ ਨਿਯੰਤਰਕ ਹੋ ਸਕਦੇ ਹਨ। ਜੇ ਅਜਿਹਾ ਹੁੰਦਾ ਹੈ, ਤਾਂ ਸੰਸਥਾਵਾਂ ਦੇ ਸਮਝੌਤੇ ਉਪਲਬਧ ਹੋਣਗੇ, ਜਿਨ੍ਹਾਂ ਵਿੱਚ ਉਨ੍ਹਾਂ ਦੀ ਜ਼ਿੰਮੇਵਾਰੀਆਂ ਬਾਰੇ ਦੱਸਿਆ ਗਿਆ ਹੋਵੇਗਾ ਅਤੇ ਇਸਦੇ ਵੇਰਵੇ ਤੁਹਾਨੂੰ ਉਪਲਬਧ ਕਰਾਈ ਗਈ ਭਾਗੀਦਾਰੀ ਜਾਣਕਾਰੀ ਸ਼ੀਟ ਵਿੱਚ ਸਪਸ਼ਟ ਕਰ ਦਿੱਤੇ ਜਾਣਗੇ।

# ਤੁਹਾਡੇ ਬਾਰੇ ਜਾਣਕਾਰੀ

'ਨਿੱਜੀ ਜਾਣਕਾਰੀ' ਦਾ ਮਤਲਬ ਹੈ ਉਹ ਜਾਣਕਾਰੀ, ਜਿਸ ਨਾਲ ਤੁਹਾਡੀ ਪਛਾਣ ਕੀਤੀ ਜਾ ਸਕਦੀ ਹੈ। ਇਸ ਵਿੱਚ ਤੁਹਾਡਾ ਨਾਮ, ਲਿੰਗ, ਜਨਮ ਮਿਤੀ, ਪਤਾ/ਡਾਕ-ਕੋਡ ਜਿਹੀ ਜਾਣਕਾਰੀ ਜਾਂ ਤੁਹਾਡੀ ਰਾਏ ਜਾਂ ਵਿਚਾਰ ਵਰਗੀ ਹੋਰ ਜਾਣਕਾਰੀ ਸ਼ਾਮਲ ਹੋ ਸਕਦੀ ਹੈ। ਇਸ ਵਿੱਚ ਉਹ ਜਾਣਕਾਰੀ ਵੀ ਸ਼ਾਮਲ ਹੋ ਸਕਦੀ ਹੈ, ਜਿਸ ਨਾਲ ਤੁਹਾਡੀ ਪਛਾਣ ਕਰ ਪਾਉਣਾ ਸੰਭਵ ਹੈ, ਫਿਰ ਭਾਵੇਂ ਤੁਹਾਡਾ ਨਾਮ ਹਟਾ ਹੀ ਕਿਉਂ ਨਾ ਦਿੱਤਾ ਗਿਆ ਹੋਵੇ (ਜਿਵੇਂ ਕਿ ਕੋਟ ਜਾਂ ਸਮਾਜਕ ਮੀਡੀਆ ਪੋਸਟਾਂ)।

ਅਸੀਂ ਹਮੇਸ਼ਾ, ਸਿਰਫ ਕੀਤੇ ਜਾ ਰਹੇ ਖ਼ਾਸ ਖੋਜ ਪ੍ਰੋਜੈਕਟ ਲਈ ਜਰੂਰੀ ਅਤੇ ਢੁੱਕਵੀਂ ਨਿੱਜੀ ਜਾਣਕਾਰੀ ਹੀ ਇਕੱਤਰ ਕਰਾਂਗੇ। ਸਾਡੇ ਵੱਲੋਂ ਤੁਹਾਡੇ ਬਾਰੇ ਇਕੱਤਰ ਕੀਤੀ ਜਾਣ ਵਾਲੀ ਖ਼ਾਸ ਜਾਣਕਾਰੀ, ਖੋਜ ਟੀਮ ਵੱਲੋਂ ਤੁਹਾਨੂੰ ਉਪਲਬਧ ਕਰਾਈ ਗਈ ਭਾਗੀਦਾਰ ਜਾਣਕਾਰੀ ਸ਼ੀਟ ਵਿੱਚ ਸੂਚੀਬੱਧ ਕੀਤੀ ਜਾਵੇਗੀ।

ਅਸੀਂ ਤੁਹਾਡੇ ਨਾਲ ਜੁੜੀ ਕੁਝ ਜਾਣਕਾਰੀ ਉੱਪਰ ਕਾਰਵਾਈ ਕਰ ਸਕਦੇ ਹਾਂ, ਜਿਸ ਨੂੰ 'ਸੰਵੇਦਨਸ਼ੀਲ' ਮੰਨਿਆ ਗਿਆ ਹੈ ਅਤੇ ਇਸ ਨੂੰ 'ਖ਼ਾਸ ਸ਼੍ਰੇਣੀ' ਨਿੱਜੀ ਡੇਟਾ ਕਿਹਾ ਜਾਂਦਾ ਹੈ। ਇਸ ਵਿੱਚ ਤੁਹਾਡੀ ਨਸਲ, ਜਿਨਸੀ ਝੁਕਾਅ, ਲਿੰਗ ਪਛਾਣ, ਧਾਰਮਿਕ ਮਾਨਤਾ, ਤੁਹਾਡੀ ਸਿਹਤ ਦੇ ਵੇਰਵੇ ਜਾਂ ਬੀਤੇ ਸਮੇਂ ਵਿੱਚ ਅਪਰਾਧਕ ਸਜ਼ਾਵਾਂ ਜਿਹੀ ਜਾਣਕਾਰੀ ਸ਼ਾਮਲ ਹੈ, ਪਰ ਇਸ ਤੱਕ ਸੀਮਿਤ ਨਹੀਂ ਹੈ। ਨਿੱਜੀ ਜਾਣਕਾਰੀ ਦੀਆਂ ਇਹਨਾਂ ਕਿਸਮਾਂ ਲਈ ਵਧੀਕ ਸੁਰੱਖਿਆ ਦੀ ਲੋੜ ਹੁੰਦੀ ਹੈ, ਖ਼ਾਸ ਕਰਕੇ ਸਾਂਝਾ ਕਰਨ ਵੇਲੇ, ਜਿਸ ਦਾ ਖਿਆਲ ਯੂਨੀਵਰਸਿਟੀ ਰੱਖਦੀ ਹੈ।

GDPR ਹੇਠ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਰਨ ਦੇ ਦੌਰਾਨ, ਤੁਹਾਡੇ ਅਧਿਕਾਰਾਂ ਅਤੇ ਸੁਤੰਤਰਤਾ ਦੀ ਰੱਖਿਆ ਕਰਨ ਵਿੱਚ ਮਦਦ ਲਈ ਸਾਡੇ ਕੋਲ ਖ਼ਾਸ ਸੁਰੱਖਿਆ-ਉਪਾਅ ਉਪਲਬਧ ਹੋਣੇ ਚਾਹੀਦੇ ਹਨ ਅਤੇ ਇਹ ਹਨ:

- ਉਹ ਨੀਤੀਆਂ ਅਤੇ ਪ੍ਰਕਿਰਿਆਵਾਂ, ਜੋ ਸਾਡੇ ਕਰਮਚਾਰੀਆਂ ਅਤੇ ਵਿਦਿਆਰਥੀਆਂ ਨੂੰ ਤੁਹਾਡੀ ਜਾਣਕਾਰੀ ਨੂੰ ਸੁਰੱਖਿਅਤ ਢੰਗ ਨਾਲ ਇਕੱਤਰ ਕਰਨ ਅਤੇ ਵਰਤਣ ਦਾ ਤਰੀਕਾ ਦੱਸਦੀਆਂ ਹਨ।
- ਸਿਖਲਾਈ, ਜੋ ਇਹ ਯਕੀਨੀ ਬਣਾਉਂਦੀ ਹੈ ਕਿ ਸਾਡੇ ਕਰਮਚਾਰੀ ਅਤੇ ਵਿਦਿਆਰਥੀ ਡੇਟਾ ਸੁਰੱਖਿਆ ਅਤੇ ਤੁਹਾਡੇ ਡੇਟਾ ਦੀ ਰੱਖਿਆ ਕਰਨ ਦੇ ਤਰੀਕੇ ਦਾ ਮਹੱਤਵ ਸਮਝਦੇ ਹਨ।
- ਉਹ ਸੁਰੱਖਿਆ ਮਿਆਰ ਅਤੇ ਤਕਨੀਕੀ ਉਪਾਅ, ਜੋ ਇਹ ਯਕੀਨੀ ਬਣਾਉਂਦੇ ਹਨ ਕਿ ਤੁਹਾਡੀ ਜਾਣਕਾਰੀ ਸਲਾਮਤੀ ਅਤੇ ਸੁਰੱਖਿਅਤ ਢੰਗ ਨਾਲ ਸਟੋਰ ਕੀਤੀ ਜਾਵੇ।
- ਨਿੱਜੀ ਜਾਣਕਾਰੀ ਸ਼ਾਮਲ ਹੋਣ ਵਾਲੇ ਸਾਰੇ ਖੋਜ ਪ੍ਰੋਜੈਕਟਾਂ ਦੀ ਮੁਢਲੀ-ਜਾਂਚ ਅਤੇ ਮਨਜ਼ੂਰੀ ਖੋਜ ਸਦਾਚਾਰ ਕਮੇਟੀ ਵੱਲੋਂ ਯੂਨੀਵਰਸਿਟੀ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਦੇ ਮੁਤਾਬਕ ਕੀਤੀ ਅਤੇ ਦਿੱਤੀ ਜਾਂਦੀ ਹੈ।
- ਯੂਨੀਵਰਸਿਟੀ ਨਾਲ ਨਾ ਜੁੜੇ ਵਿਅਕਤੀਆਂ ਅਤੇ ਕੰਪਨੀਆਂ ਨਾਲ ਸਮਝੌਤੇ ਵਿੱਚ ਗੁਪਤਤਾ ਨਾਲ ਜੁੜੀਆਂ ਸ਼ਰਤਾਂ ਸ਼ਾਮਲ ਹੁੰਦੀਆਂ ਹਨ, ਜਿਨ੍ਹਾਂ ਵਿੱਚ ਤੁਹਾਡੀ ਜਾਣਕਾਰੀ ਨੂੰ ਰੱਖਿਅਤ ਕਰਨ ਲਈ ਹਰੇਕ ਧਿਰ ਦੀਆਂ ਜ਼ੁੰਮੇਵਾਰੀਆਂ ਦੱਸੀਆਂ ਗਈਆਂ ਹੁੰਦੀਆਂ ਹਨ।
- ਅਸੀਂ ਜ਼ਿਆਦਾ-ਖਤਰੇ ਵਾਲੇ ਪ੍ਰੋਜੈਕਟਾਂ ਲਈ ਡੇਟਾ ਸੁਰੱਖਿਆ ਪ੍ਰਭਾਵ ਦਾ ਮੁਲਾਂਕਣ ਕਰਦੇ ਹਾਂ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇੱਕ ਵਿਅਕਤੀ ਦੇ ਤੌਰ 'ਤੇ ਤੁਹਾਡੀ ਪਰਦੇਦਾਰੀ, ਅਧਿਕਾਰਾਂ ਜਾਂ ਸੁਤੰਤਰਤਾ 'ਤੇ ਕੋਈ ਅਸਰ ਨਾ ਪਵੇ।
- ਜੇ ਅਸੀਂ ਯੂਰੋਪ ਦੇ ਬਾਹਰਲੇ ਸਹਿਯੋਗੀਆਂ ਦੀ ਵਰਤੋਂ ਕਰਦੇ ਹਾਂ, ਤਾਂ ਅਸੀਂ ਯਕੀਨੀ ਬਣਾਵਾਂਗੇ ਕਿ ਉਨ੍ਹਾਂ ਕੋਲ ਢੁੱਕਵੇਂ ਡੇਟਾ ਸੁਰੱਖਿਆ ਕਨੂੰਨ ਹੋਣ ਜਾਂ ਉਹ ਅਮਰੀਕਾ ਵਿੱਚ ਪਰਦੇਦਾਰੀ ਢਾਲ ਜਿਹੀਆਂ ਪਰਦੇਦਾਰੀ ਅਤੇ ਸੁਰੱਖਿਆ ਸਕੀਮਾਂ ਦਾ ਹਿੱਸਾ ਹੋਣ।

ਯੂਨੀਵਰਸਿਟੀ ਦੇ ਉਪਰੋਕਤ ਸੁਰੱਖਿਆ-ਉਪਾਵਾਂ ਤੋਂ ਇਲਾਵਾ, ਤੁਹਾਡੀ ਨਿੱਜੀ ਜਾਣਕਾਰੀ ਦੇ ਨਾਲ ਖੋਜ ਕਰਨ ਵੇਲੇ GDPR ਅਤੇ DPA ਦੇ ਮੁਤਾਬਕ ਸਾਡੇ ਲਈ ਇਹਨਾਂ ਮਿਆਰਾਂ ਨੂੰ ਪੂਰਾ ਕਰਨਾ ਜਰੂਰੀ ਹੁੰਦਾ ਹੈ:

(a) ਖੋਜ ਨਾਲ ਕਿਸੇ ਨੂੰ ਵੀ ਕੋਈ ਨੁਕਸਾਨ ਨਹੀਂ ਹੋਵੇਗਾ ਜਾਂ ਕੋਈ ਪਰੇਸ਼ਾਨੀ ਨਹੀਂ ਹੋਵੇਗੀ (ਜਿਵੇਂ ਕਿ ਸਰੀਰਕ ਨੁਕਸਾਨ, ਵਿੱਤੀ ਨੁਕਸਾਨ ਜਾਂ ਮਾਨਸਿਕ ਪੀੜ)।

(b) ਖੋਜ ਕਿਸੇ ਇੱਕ ਵਿਅਕਤੀ ਲਈ ਕੁਝ ਕਰਨ ਜਾਂ ਉਸ ਲਈ ਕੋਈ ਫੈਸਲਾ ਕਰਨ ਲਈ ਨਹੀਂ ਕੀਤੀ ਗਈ ਹੈ, ਬਸ਼ਰਤੇ ਕਾਰਵਾਈ ਖੋਜ ਸਦਾਚਾਰ ਕਮੇਟੀ ਵੱਲੋਂ ਮੰਜ਼ੂਰੀ ਪ੍ਰਾਪਤ ਮੈਡੀਕਲ ਖੋਜ ਲਈ ਹੋਵੇ।

(c) ਡੇਟਾ ਨਿਯੰਤਰਕ ਨੇ ਤਕਨੀਕੀ ਅਤੇ ਸੰਸਥਾਗਤ ਸੁਰੱਖਿਆ-ਉਪਾਅ ਲਾਗੂ ਕੀਤੇ ਹੋਏ ਹਨ (ਜਿਵੇਂ ਕਿ ਕਰਮਚਾਰੀਆਂ ਦੀ ਢੁੱਕਵੀਂ ਸਿਖਲਾਈ ਅਤੇ ਸੁਰੱਖਿਆ ਉਪਾਅ)।

(d) ਜੇ ਡੇਟਾ ਦੀ ਕਿਸੇ ਖ਼ਾਸ ਸ਼੍ਰੇਣੀ ਉੱਪਰ ਕਾਰਵਾਈ ਕੀਤੀ ਜਾ ਰਹੀ ਹੈ, ਤਾਂ ਇਸ ਦਾ ਵਧੇਰੇ ਜਨ ਹਿੱਤ ਟੈਸਟ ਮੁਤਾਬਕ ਬਦਲਾਅ ਕੀਤਾ ਜਾ ਸਕਣਾ ਜਰੂਰੀ ਹੈ, ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਇਹ ਖ਼ਾਸ ਕਰਕੇ ਸੰਵੇਦਨਸ਼ੀਲ ਜਾਣਕਾਰੀ ਖੋਜ ਦੇ ਮੰਤਵਾਂ ਲਈ ਜਰੂਰੀ ਹੈ।

# ਕਨੂੰਨੀ ਹਿੱਸਾ

ਡੇਟਾ ਸੁਰੱਖਿਆ ਕਨੂੰਨ ਦੇ ਮੁਤਾਬਕ ਸਾਡੇ ਕੋਲ ਤੁਹਾਡੇ ਨਿੱਜੀ ਡੇਟਾ ਦੀ ਵਰਤੋਂ ਕਰਨ ਅਤੇ ਉਸ ਉੱਪਰ ਕਾਰਵਾਈ ਕਰਨ ਲਈ ਇੱਕ ਮੰਨਣਯੋਗ ਕਨੂੰਨੀ ਆਧਾਰ ਹੋਣਾ ਜਰੂਰੀ ਹੈ। ਇਸ ਨੂੰ ਅਕਸਰ 'ਕਨੂੰਨੀ ਆਧਾਰ' ਕਿਹਾ ਜਾਂਦਾ ਹੈ। GDPR ਦੇ ਮੁਤਾਬਕ ਸਾਡੇ ਲਈ ਤੁਹਾਨੂੰ ਕਨੂੰਨੀ ਆਧਾਰ ਬਾਰੇ ਸਪਸ਼ਟ ਕਰਨਾ ਲਾਜ਼ਮੀ ਹੈ, ਇਸੇ ਕਰਕੇ ਅਸੀਂ ਤੁਹਾਡੇ ਨਾਲ ਜੁੜੀ ਜਾਣਕਾਰੀ ਉੱਪਰ ਕਾਰਵਾਈ ਕਰਨ ਲਈ ਇਸ 'ਤੇ ਨਿਰਭਰ ਹਾਂ।

ਖੋਜ ਲਈ ਕਨੂੰਨੀ ਆਧਾਰ ਹੈ "*ਕਾਰਵਾਈ ਕਰਨਾ ਜਨ ਹਿੱਤ ਵਿੱਚ ਜਾਂ ਨਿਯੰਤਰਕ ਵਿੱਚ ਸ਼ਾਮਲ ਅਧਿਕਾਰਤ ਅਥਾਰਟੀ ਦੇ ਅਧਿਕਾਰ ਹੇਠ ਕੀਤੇ ਜਾ ਰਹੇ ਕਾਰਜ ਦੇ ਕੰਮਪ੍ਰਦਰਸ਼ਨ ਲਈ ਜਰੂਰੀ ਹੈ*" (GDPR ਦਾ ਆਰਟੀਕਲ 6):

ਸੰਵੇਦਨਸ਼ੀਲ ਜਾਣਕਾਰੀ ਲਈ ਕਨੂੰਨੀ ਆਧਾਰ ਹੈ: "*ਕਾਰਵਾਈ ਕਰਨਾ ਜਨ ਹਿੱਤ ਵਿੱਚ ਪੂਰਾ-ਲੇਖਬੱਧ ਕਰਨ ਦੇ ਮੰਤਵਾਂ, ਵਿਗਿਆਨਕ ਜਾਂ ਇਤਿਹਾਸਕ ਖੋਜ ਮੰਤਵਾਂ ਜਾਂ ਅੰਕੜਾ ਮੰਤਵਾਂ ਲਈ ਜਰੂਰੀ ਹੈ... ਜੋ ਰੱਖੇ ਗਏ ਟੀਚੇ ਲਈ ਅਨੁਪਾਤਕ ਹੋਵੇਗੀ, ਡੇਟਾ ਸੁਰੱਖਿਆ ਦੇ ਅਧਿਕਾਰ ਦੇ ਭਾਵ ਦਾ ਸਨਮਾਨ ਕਰੇਗੀ ਅਤੇ ਡੇਟਾ ਸਬਜੈਕਟ ਦੇ ਹਿੱਤਾਂ ਅਤੇ ਬੁਨਿਆਦੀ ਅਧਿਕਾਰਾਂ ਦੀ ਰਾਖੀ ਲਈ ਢੁੱਕਵੇਂ ਅਤੇ ਖ਼ਾਸ ਉਪਾਅ ਉਪਲਬਧ ਕਰਾਏਗੀ*"। (GDPR ਦਾ ਆਰਟੀਕਲ 9)।

ਜਦੋਂ ਕਿਸੇ ਖੋਜ ਵਿੱਚ ਅਪਰਾਧਕ ਸਜ਼ਾ ਸ਼ਾਮਲ ਹੁੰਦੀ ਹੈ, ਤਾਂ ਕਨੂੰਨੀ ਆਧਾਰ
ਡੇਟਾ ਸੁਰੱਖਿਆ ਐਕਟ 2018 ਦੇ ਸ਼ਿਡਿਊਲ 1 ਵਿੱਚ ਸੂਚੀਬੱਧ ਹੈ, ਜਿਸਦੇ ਮੁਤਾਬਕ ਖ਼ਾਸ ਸੁਰੱਖਿਆ-ਉਪਾਅ ਕੀਤੇ ਜਾਣੇ ਚਾਹੀਦੇ ਹਨ।

ਜੇ ਸਾਨੂੰ ਕਿਸੇ ਵੱਖਰੇ ਕਨੂੰਨੀ ਆਧਾਰ 'ਤੇ ਨਿਰਭਰ ਹੋਣ ਦੀ ਲੋੜ ਪੈਂਦੀ ਹੈ, ਜਿਵੇਂ ਕਿ ਸਹਿਮਤੀ, ਤਾਂ ਇਸ ਨੂੰ ਤੁਹਾਨੂੰ ਉਪਲਬਧ ਕਰਾਈ ਗਈ ਭਾਗੀਦਾਰ ਜਾਣਕਾਰੀ ਸ਼ੀਟ ਵਿੱਚ ਸੂਚੀਬੱਧ ਕੀਤਾ ਜਾਵੇਗਾ। ਕਲੀਨਿਕਲ ਪਰੀਖਣਾਂ ਜਾਂ ਮੈਡੀਕਲ ਅਧਿਐਨਾਂ ਵਿੱਚ, ਉਦਾਹਰਨ ਲਈ, ਅਸੀਂ ਇਸ ਆਧਾਰ ਦੀ ਵਰਤੋਂ ਕਰ ਸਕਦੇ ਹਾਂ:

> "*ਕਾਰਵਾਈ ਕਰਨਾ ਰੋਕਥਾਮ ਜਾਂ ਵਿਵਸਾਇਕ ਇਲਾਜ ਲਈ, ਕਰਮਚਾਰੀ, ਡਾਕਟਰੀ ਨਿਦਾਨ ਦੀ ਕਾਰਜਸ਼ੀਲ ਸਮਰੱਥਾ ਦਾ ਮੁਲਾਂਕਣ ਕਰਨ ਲਈ, ਸਿਹਤ ਜਾਂ ਸਮਾਜਕ ਦੇਖਭਾਲ ਜਾਂ ਇਲਾਜ ਲਈ ਪ੍ਰਬੰਧ ਜਾਂ ਸੰਘੀ ਜਾਂ ਮੈਂਬਰ ਰਾਜ ਕਨੂੰਨ ਦੇ ਆਧਾਰ 'ਤੇ ਜਾਂ ਸਿਹਤ ਪੇਸ਼ੇਵਰ ਨਾਲ ਸਮਝੌਤੇ ਦੇ ਮੁਤਾਬਕ ਸਿਹਤ ਜਾਂ ਸਮਾਜਕ ਦੇਖਭਾਲ ਸਿਸਟਮਾਂ ਅਤੇ ਸੇਵਾਵਾਂ ਦੇ ਪ੍ਰਬੰਧਨ ਲਈ ਅਤੇ ਸ਼ਰਤਾਂ ਅਤੇ ਸੁਰੱਖਿਆ-ਉਪਾਵਾਂ ਮੁਤਾਬਕ ਜਰੂਰੀ ਹੈ*"।

ਅਸੀਂ ਵਧੀਕ ਖੋਜ ਮੰਤਵਾਂ ਲਈ ਵੀ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਰ ਸਕਦੇ ਹਾਂ, ਜਿਵੇਂ ਕਿ ਹੋਰ ਵਿਸ਼ਲੇਸ਼ਣ ਲਈ ਜਾਂ ਇੱਕੋ ਖੋਜ ਵਿਸ਼ਿਆਂ 'ਤੇ ਭਵਿੱਖ ਦੇ ਪ੍ਰੋਜੈਕਟ। ਇਸ ਨੂੰ ਸਕੈਂਡਰੀ ਵਰਤੋਂ ਜਾਂ ਮੰਤਵ ਕਿਹਾ ਜਾਂਦਾ ਹੈ।

ਜੇ ਅਸੀਂ ਇਹ ਕਰਨਾ ਚਾਹਾਂਗੇ, ਤਾਂ ਇਸ ਬਾਰੇ ਤੁਹਾਨੂੰ ਭਾਗੀਦਾਰ ਜਾਣਕਾਰੀ ਸ਼ੀਟ ਵਿੱਚ ਸਮਝਾ ਦਿੱਤਾ ਜਾਵੇਗਾ ਅਤੇ ਅਸੀਂ ਯਕੀਨੀ ਬਣਾਵਾਂਗੇ ਕਿ ਤੁਹਾਡੀ ਜਾਣਕਾਰੀ ਦੀ ਵਰਤੋਂ ਕਿਸੇ ਵੀ ਅਜਿਹੇ ਤਰੀਕੇ ਨਾਲ ਨਾ ਕੀਤੀ ਜਾਵੇ, ਜਿਸ ਦਾ ਤੁਹਾਡੇ 'ਤੇ ਸਿੱਧਾ ਅਸਰ (ਨੁਕਸਾਨ ਜਾਂ ਪਰੇਸ਼ਾਨੀ) ਪੈ ਸਕਦਾ ਹੋਵੇ ਜਾਂ ਤੁਹਾਡੇ ਲਈ ਲਏ ਜਾ ਰਹੇ ਫੈਸਲਿਆਂ ਦਾ ਕਾਰਨ ਬਣੇ।

# ਤੁਹਾਡੀ ਜਾਣਕਾਰੀ ਨੂੰ ਸਾਂਝਾ ਕਰਨਾ

ਤੁਹਾਡੀ ਨਿੱਜੀ ਜਾਣਕਾਰੀ ਨੂੰ ਹਰ ਸਮੇਂ ਗੁਪਤ ਰੱਖਿਆ ਜਾਵੇਗਾ ਅਤੇ ਖੋਜਕਰਤਾਵਾਂ ਨੂੰ ਇਸ ਦੀ ਪਹਿਚਾਣ ਲੁਕਾਉਣ (ਅਨਾਮ ਕਰਨ), ਸੂਡੋਨਾਈਮਾਈਜ਼ (ਹਰ ਉਸ ਜਾਣਕਾਰੀ ਨੂੰ ਹਟਾਉਣਾ, ਜਿਸ ਨਾਲ ਤੁਹਾਡੀ ਪਛਾਣ ਹੋ ਸਕਦੀ ਹੈ, ਜਿਵੇਂ ਕਿ ਤੁਹਾਡਾ ਨਾਮ ਅਤੇ ਇਸ ਨੂੰ ਕਿਸੇ ਵਿਲੱਖਣ ਕੋਡ ਜਾਂ ਕੁੰਜੀ ਨਾਲ ਬਦਲ ਦੇਣ) ਜਾਂ ਜਲਦੀ ਤੋਂ ਜਲਦੀ ਮਿਟਾ ਦੇਣ ਲਈ ਕਿਹਾ ਜਾਂਦਾ ਹੈ। ਹਾਲਾਂਕਿ ਕੁਝ ਮਾਮਲਿਆਂ ਵਿੱਚ, ਹੋ ਸਕਦਾ ਹੈ ਕਿ ਖੋਜ ਦੇ ਟੀਚੇ ਹਾਸਲ ਕਰਨ ਲਈ ਜਰੂਰੀ ਹੋਣ ਕਰਕੇ ਤੁਹਾਡੀ ਪਛਾਣ ਨੂੰ ਲੁਕਾਉਣਾ ਸੰਭਵ ਨਾ ਹੋਵੇ। ਜੇ ਕੋਈ ਅਜਿਹਾ ਮਾਮਲਾ ਹੈ, ਤਾਂ ਤੁਹਾਨੂੰ ਭਾਗੀਦਾਰ ਜਾਣਕਾਰੀ ਸ਼ੀਟ ਵਿੱਚ ਇਸ ਬਾਰੇ ਦੱਸ ਦਿੱਤਾ ਜਾਵੇਗਾ।

ਤੁਹਾਡੀ ਨਿੱਜੀ ਜਾਣਕਾਰੀ ਦੇ ਨਾਲ-ਨਾਲ ਪਛਾਣ ਲੁਕਾਈ ਗਈ ਜਾਣਕਾਰੀ ਪ੍ਰੋਜੈਕਟ ਲਈ ਸਿਰਫ ਖੋਜ ਟੀਮ ਦੇ ਮੈਂਬਰਾਂ ਨਾਲ ਹੀ ਸਾਂਝੀ ਕੀਤੀ ਜਾਵੇਗੀ। ਜੇ ਉਨ੍ਹਾਂ ਨੂੰ ਤੁਹਾਡੀ ਜਾਣਕਾਰੀ ਯੂਰਪੀ ਆਰਥਿਕ ਖੇਤਰ (ਇਸ ਵਿੱਚ ਯੂਰਪੀ ਸੰਘ ਦੇ ਸਾਰੇ ਦੇਸ਼ਾਂ ਦੇ ਨਾਲ-ਨਾਲ ਨੋਰਵੇ, ਆਈਸਲੈਂਡ ਅਤੇ ਲਿੰਚੇਸਟੀਨ ਸ਼ਾਮਲ ਹਨ) ਦੇ ਬਾਹਰ ਸਮੇਤ ਕਿਸੇ ਹੋਰ ਨਾਲ ਸਾਂਝੀ ਕਰਨ ਦੀ ਲੋੜ ਪੈਂਦੀ ਹੈ, ਤਾਂ ਤੁਹਾਨੂੰ ਭਾਗੀਦਾਰ ਜਾਣਕਾਰੀ ਸ਼ੀਟ ਵਿੱਚ ਦੱਸਿਆ ਜਾਵੇਗਾ ਕਿ ਉਹ ਕੌਣ ਹਨ ਅਤੇ ਇਸ ਦੀ ਲੋੜ ਕਿਉਂ ਪਈ। ਅਸੀਂ ਕਦੇ-ਕਦਾਈਂ ਸਾਡੀ ਤਰਫ਼ੋਂ ਕਾਰਜ ਕਰਨ ਵਾਲੇ ਤੀਜੇ-ਧਿਰਾਂ ਵੱਲੋਂ ਉਪਲਬਧ ਕਰਾਏ ਜਾਂਦੇ ਉਤਪਾਦਾਂ ਅਤੇ ਸੇਵਾਵਾਂ ਦੀ ਵੀ ਵਰਤੋਂ ਕਰਦੇ ਹਾਂ, ਜਿਵੇਂ ਕਿ Dropbox for Business, ਜਿਸ ਦੀ ਵਰਤੋਂ ਖੋਜ ਡੇਟਾ ਸਾਂਝਾ ਕਰਨ ਲਈ ਕੀਤੀ ਜਾਂਦੀ ਹੈ। ਇਹਨਾਂ ਤੀਜੀਆਂ-ਧਿਰਾਂ ਨੂੰ ਡੇਟਾ ਪ੍ਰੋਸੈਸਰ ਕਿਹਾ ਜਾਂਦਾ ਹੈ ਅਤੇ ਜਦੋਂ ਅਸੀਂ ਇਹਨਾਂ ਦੀ ਵਰਤੋਂ ਕਰਦੇ ਹਾਂ, ਸਾਡੇ ਕੋਲ ਤੁਹਾਡੀ ਜਾਣਕਾਰੀ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਇਹਨਾਂ ਨਾਲ ਸਮਝੌਤੇ ਕੀਤੇ ਹੁੰਦੇ ਹਨ। ਇਸ ਦਾ ਮਤਲਬ ਇਹ ਨਹੀਂ ਹੈ ਕਿ ਉਹ ਹਮੇਸ਼ਾ ਤੁਹਾਡੀ ਜਾਣਕਾਰੀ ਤੱਕ ਪਹੁੰਚ ਕਰਦੇ ਹਨ, ਪਰ ਜੇ ਉਹ ਕਰਦੇ ਹਨ, ਤਾਂ ਇਸ ਬਾਰੇ ਭਾਗੀਦਾਰ ਜਾਣਕਾਰੀ ਸ਼ੀਟ ਵਿੱਚ ਦੱਸਿਆ ਜਾਵੇਗਾ। ਡੇਟਾ ਨਿਯੰਤਰਕ ਹੋਣ ਦੇ ਨਾਤੇ, ਅਸੀਂ ਪੂਰੀ ਖੋਜ ਦੇ ਦੌਰਾਨ ਤੁਹਾਡੀ ਜਾਣਕਾਰੀ ਨੂੰ ਸੁਰੱਖਿਅਤ ਰੱਖਣ ਲਈ ਹਮੇਸ਼ਾ ਹੀ ਜ਼ਿੰਮੇਵਾਰ ਰਹਾਂਗੇ।

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਸਿਰਫ ਖੋਜ ਦੇ ਟੀਚੇ ਪੂਰੇ ਕਰਨ ਲਈ ਜਰੂਰੀ ਮਿਆਦ ਤੱਕ ਹੀ ਰੱਖਾਂਗੇ। ਹਾਲਾਂਕਿ ਕੁਝ ਨਿੱਜੀ ਜਾਣਕਾਰੀ (ਇਸ ਵਿੱਚ ਹਸਤਾਖਰ ਕੀਤੇ ਸਹਿਮਤੀ ਰਿਕਾਰਡ ਸ਼ਾਮਲ ਹਨ) ਸਾਡੀਆਂ ਨੀਤੀਆਂ ਜਾਂ ਪ੍ਰਕਿਰਿਆਵਾਂ ਜਾਂ ਬਾਹਰੀ ਵਿੱਤ ਪ੍ਰਬੰਧਕਾਂ ਦੀ ਲੋੜ ਮੁਤਾਬਕ ਨਿਮਨਤਮ ਮਿਆਦ ਤੱਕ ਰੱਖੀ ਜਾਵੇਗੀ। ਅਸੀਂ ਇਹ ਜਾਣਕਾਰੀ ਕਿੰਨੇਂ ਸਮੇਂ ਲਈ ਰੱਖਾਂਗੇ, ਇਸ ਬਾਰੇ ਹੋਰ ਜਾਣਕਾਰੀ ਤੁਸੀਂ ਸਾਡੇ [ਰੀਟੈਂਸ਼ਨ ਸ਼ਿਡਿਊਲ ਵਿੱਚ ਪੜ੍ਹ ਸਕਦੇ ਹੋ।]() ਭਾਗੀਦਾਰ ਜਾਣਕਾਰੀ ਸ਼ੀਟ ਵਿੱਚ ਦੱਸਿਆ ਗਿਆ ਹੋਵੇਗਾ ਕਿ ਤੁਹਾਡੀ ਨਿੱਜੀ ਜਾਣਕਾਰੀ ਕਿੰਨੇਂ ਸਮੇਂ ਲਈ ਅਤੇ ਕਿਸ ਮੰਤਵ ਲਈ ਰੱਖੀ ਜਾਵੇਗੀ। ਕੁਝ ਖੋਜ ਪ੍ਰੋਜੈਕਟਾਂ ਲਈ, ਪ੍ਰੋਜੈਕਟ ਦੇ ਸਮਾਪਤ ਹੋ ਜਾਣ ਦੇ ਬਾਅਦ ਵੀ ਤੁਹਾਡੀ ਪਛਾਣ ਲੁਕਾਈ ਜਾਂ ਸੂਡੋਨਾਈਮਾਈਜ਼ ਕੀਤੀ ਗਈ ਜਾਣਕਾਰੀ ਰੱਖੀ ਜਾਵੇਗੀ, ਹੋਰਨਾਂ ਖੋਜਕਰਤਾਵਾਂ ਨਾਲ ਸਾਂਝੀ ਕੀਤੇ ਜਾਣ ਲਈ ਜਾਂ ਭਵਿੱਖ ਦੀ ਖੋਜ ਵਿੱਚ ਵਰਤੋਂ ਲਈ ਡੇਟਾ ਰਿਪੋਜ਼ਟਰੀ/ਆਨਲਾਈਨ ਆਰਕਾਈਵ ਵਿੱਚ ਰੱਖਿਆ ਜਾਵੇਗਾ। ਜੇ ਖੋਜਕਰਤਾ ਤੁਹਾਡੀ ਜਾਣਕਾਰੀ ਨਾਲ ਕੁਝ ਅਜਿਹਾ ਕਰਨਾ ਚਾਹੁੰਦੇ ਹਨ, ਤਾਂ ਤੁਹਾਨੂੰ ਭਾਗੀਦਾਰ ਜਾਣਕਾਰੀ ਸ਼ੀਟ ਵਿੱਚ ਇਸ ਬਾਰੇ ਦੱਸਿਆ ਜਾਵੇਗਾ।

ਖੋਜ ਰਿਪੋਜ਼ਟਰੀਆਂ ਦੀ ਵਰਤੋਂ ਕਰਨ ਦੇ ਦੌਰਾਨ, ਖੋਜਕਰਤਾਵਾਂ ਨੂੰ ਕਈ ਵਾਰ ਆਪਣਾ ਸਮਰਥਨ ਜਾਂ ਅੰਤਰ-ਨਿਹਿਤ ਡੇਟਾ ਅੱਪਲੋਡ ਕਰਨਾ ਪੈਂਦਾ ਹੈ, ਜਿਸ ਦੀ ਪਛਾਣ ਕੀਤੀ ਜਾ ਸਕਦੀ ਹੈ ਜਾਂ ਸੰਵੇਦਨਸ਼ੀਲ ਹੁੰਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਸਿਰਫ ਅਧਿਕਾਰਤ ਵਿਅਕਤੀ ਹੀ ਜਾਣਕਾਰੀ ਤੱਕ ਪਹੁੰਚ ਕਰ ਸਕਣ, ਰਿਪੋਜ਼ਟਰੀਆਂ ਵਿੱਚ ਤਕਨੀਕੀ ਨਿਯੰਤਰਣ ਲਾਗੂ ਕੀਤੇ ਗਏ ਹੁੰਦੇ ਹਨ।

# ਤੁਹਾਡੇ ਅਧਿਕਾਰ

ਕਨੂੰਨ ਮੁਤਾਬਕ ਸਾਡੇ ਕੋਲ ਉਪਲਬਧ ਤੁਹਾਡੀ ਨਿੱਜੀ ਜਾਣਕਾਰੀ ਦੇ ਸੰਬੰਧ ਵਿੱਚ ਤੁਹਾਡੇ ਅਧਿਕਾਰ ਹੁੰਦੇ ਹਨ। ਇਹਨਾਂ ਅਧਿਕਾਰਾਂ ਵਿੱਚ ਸ਼ਾਮਲ ਹਨ:

- ਜਾਣਕਾਰੀ ਦੇਖਣਾ/ਜਾਣਕਾਰੀ ਦੀ ਕਾਪੀ ਪ੍ਰਾਪਤ ਕਰਨਾ;
- ਕਿਸੇ ਵੀ ਗਲਤ ਜਾਣਕਾਰੀ ਨੂੰ ਠੀਕ ਕਰਨਾ;
- ਕਿਸੇ ਵੀ ਜਾਣਕਾਰੀ ਨੂੰ ਮਿਟਾਉਣਾ;
- ਜਾਣਕਾਰੀ ਉੱਪਰ ਸਾਡੇ ਵੱਲੋਂ ਕੀਤੀ ਜਾਂਦੀ ਕਾਰਵਾਈ ਉੱਪਰ ਚਿੰਤਾ ਜ਼ਾਹਰ ਕਰਨਾ ਜਾਂ ਉਸ ਨੂੰ ਸੀਮਿਤ ਕਰਨਾ;
  ਤੁਹਾਡੀ ਜਾਣਕਾਰੀ ਨੂੰ ਤਬਦੀਲ ਕਰਨਾ ("ਪੋਰਟੇਬਿਲਿਟੀ")।

ਇਹ ਅਧਿਕਾਰ ਤੁਹਾਡੀ ਜਾਣਕਾਰੀ ਨੂੰ ਅਨਾਮ ਕਰ ਦਿੱਤੇ ਜਾਣ ਤੋਂ ਪਹਿਲਾਂ ਹੀ ਲਾਗੂ ਹੁੰਦੇ ਹਨ, ਕਿਉਂਕਿ ਅਨਾਮ ਕਰ ਦਿੱਤੇ ਜਾਣ ਦੇ ਬਾਅਦ ਅਸੀਂ ਤੁਹਾਡੀ ਖ਼ਾਸ ਜਾਣਕਾਰੀ ਦੀ ਪਛਾਣ ਨਹੀਂ ਕਰ ਸਕਦੇ ਹਾਂ। ਜੇ ਤੁਹਾਡੇ ਅਧਿਕਾਰ ਖੋਜ ਵਿੱਚ ਦੇਰੀ ਦਾ ਕਾਰਨ ਬਣਦੇ ਹਨ ਜਾਂ ਰੋਕਦੇ ਹਨ, ਤਾਂ ਕਦੇ-ਕਦੇ ਤੁਹਾਡੇ ਅਧਿਕਾਰ ਸੀਮਿਤ ਕੀਤੇ ਜਾ ਸਕਦੇ ਹਨ। ਜੇ ਅਜਿਹਾ ਕੁਝ ਹੁੰਦਾ ਹੈ, ਤਾਂ ਤੁਹਾਨੂੰ ਇਸ ਬਾਰੇ ਦੱਸਿਆ ਜਾਵੇਗਾ ਅਤੇ ਤੁਹਾਡੇ ਕੋਲ ਸੂਚਨਾ ਕਮੀਸ਼ਨਰ ਕੋਲ ਇਸ ਬਾਰੇ ਸ਼ਿਕਾਇਤ ਕਰਨ ਦਾ ਅਧਿਕਾਰ ਹੋਵੇਗਾ।
ਜੇ ਤੁਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਵਰਤੇ ਜਾਣ ਦੇ ਤਰੀਕ ਬਾਰੇ ਕੋਈ ਸਵਾਲ ਪੁੱਛਣਾ ਚਾਹੁੰਦੇ ਹੋ ਜਾਂ ਆਪਣੇ ਕਿਸੇ ਅਧਿਕਾਰ ਦੀ ਵਰਤੋਂ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਯੂਨੀਵਰਸਿਟੀ ਦੇ ਡੇਟਾ ਸੁਰੱਖਿਆ ਵੈੱਬਪੇਜਾਂ ਦਾ ਹਵਾਲਾ ਲਓ। ਜੇ ਤੁਹਾਨੂੰ ਵਧੇਰੀ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਯੂਨੀਵਰਸਿਟੀ ਦੇ ਡੇਟਾ ਸੁਰੱਖਿਆ ਅਧਿਕਾਰੀ, ਐਲਕਸ ਡੇਬੈਂਕ (dataprotection@manchester.ac.uk) ਨਾਲ ਸੰਪਰਕ ਕਰੋ ਜਾਂ ਇਸ ਪਤੇ 'ਤੇ ਲਿਖੋ:

ਡੇਟਾ ਸੁਰੱਖਿਆ
ਅਧਿਕਾਰੀ
Information Governance Office, Christie
Building University of Manchester,
Oxford Road Manchester M13 9PL

ਜੇ ਤੁਸੀਂ ਤੁਹਾਡੀ ਜਾਣਕਾਰੀ ਦੇ ਪ੍ਰਬੰਧਨ ਦੇ ਤਰੀਕੇ ਨਾਲ ਜਾਂ ਸਾਡੇ ਤੋਂ ਮਿਲੇ ਜਵਾਬਾਂ ਨਾਲ ਖੁਸ਼ ਨਹੀਂ ਹੋ, ਤਾਂ ਤੁਹਾਡੇ ਕੋਲ Wycliffe House, Water Lane, Wilmslow, SK9 5AF (https://ico.org.uk/) ਵਿਖੇ ਸੂਚਨਾ ਕਮੀਸ਼ਨਰ ਦੇ ਦਫਤਰ ਕੋਲ ਸ਼ਿਕਾਇਤ ਦਾਇਰ ਕਰਨ ਦਾ ਅਧਿਕਾਰ ਹੈ।